PSSSB-CONF0MISC/19/2025-ACCT

I/134728/2025

**ਅਧੀਨ ਸੇਵਾਵਾਂ ਚੋਣ ਬੋਰਡ, ਪੰਜਾਬ,**

**ਵਣ ਭਵਨ, ਸੈਕਟਰ -68, ਐਸ.ਏ.ਐਸ. ਨਗਰ**

**ਜਨਤਕ ਸੂਚਨਾਂ**

ਅਧੀਨ ਸੇਵਾਵਾਂ ਚੋਣ ਬੋਰਡ ਵਲੋਂ ਮਿਤੀ 13.11.2025 ਨੂੰ ਵੱਖ-ਵੱਖ ਅਸਾਮੀਆਂ ਦਾ ਲਿਖਤੀ ਪ੍ਰੀਖਿਆ ਦਾ ਸ਼ਡਿਊਲ ਜਾਰੀ ਕੀਤਾ ਗਿਆ ਸੀ। ਇਸ ਸ਼ਡਿਊਲ ਵਿੱਚ ਦਰਸਾਏ ਅਨੁਸਾਰ ਨਿੱਜੀ ਸਹਾਇਕ(Advt. No. 05/23), ਸੀਨੀਅਰ ਸਹਾਇਕ(Advt. No. 05/25), ਜਿਲ੍ਹਾ ਖਜ਼ਾਨਚੀ(Advt. No. 05/25), ਸੀਨੀਅਰ ਸਹਾਇਕ ਕਮ ਇੰਸਪੈਕਟਰ(Advt. No. 04/24), ਨਾਇਬ ਤਹਿਸੀਲਦਾਰ(Advt. No. 01/25), ਸੀਨੀਅਰ ਸਹਾਇਕ(Advt. No. 04/25) ਅਤੇ ਖਜ਼ਾਨਾ ਅਫ਼ਸਰ(Advt. No. 05/25) ਦੀਆਂ ਅਸਾਮੀਆਂ ਦੀ ਸਾਂਝੀ ਲਿਖਤੀ ਪ੍ਰੀਖਿਆ ਮਿਤੀ 14.12.2025 ਨੂੰ ਆਯੋਜਿਤ ਕੀਤੀ ਜਾਣੀ ਸੀ।

2.0 ਰਾਜ ਚੋਣ ਕਮਿਸ਼ਨ, ਪੰਜਾਬ ਵਲੋਂ ਜਾਰੀ ਨੋਟੀਫਿਕੇਸ਼ਨ ਪੱਤਰ ਮਿਤੀ 28.11.2025 ਦੇ ਅਨੁਸਾਰ ਪੰਜਾਬ ਰਾਜ ਵਿੱਚ ਜਿਲ੍ਹਾ ਪ੍ਰੀਸ਼ਦ ਅਤੇ ਪੰਚਾਇਤ ਸੰਮਿਤੀ 2025 ਦੀਆਂ ਚੋਣਾਂ ਮਿਤੀ 14.12.2025 ਨੂੰ ਹੋਣ ਜਾ ਰਹੀਆਂ ਹਨ। ਜਿਸ ਕਰਕੇ ਉਕਤ ਪੈਰੇ ਵਿੱਚ ਦਰਸਾਈਆਂ ਗਈਆਂ ਵੱਖ-ਵੱਖ ਅਸਾਮੀਆਂ ਦੀ ਸਾਂਝੀ **ਲਿਖਤੀ ਪ੍ਰੀਖਿਆ ਹੁਣ ਮਿਤੀ 21.12.2025** ਨੂੰ ਆਯੋਜਿਤ ਕੀਤੀ ਜਾਵੇਗੀ।

3.0 ਉਕਤ ਅਸਾਮੀਆਂ ਨਾਲ ਸਬੰਧਤ ਉਮੀਦਵਾਰਾਂ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਉਹ ਇਨ੍ਹਾਂ ਅਸਾਮੀਆਂ ਨਾਲ ਸਬੰਧਤ ਅਗਲੇਰੀ ਜਾਣਕਾਰੀ ਲਈ ਸਮੇਂ-ਸਮੇਂ ਤੇ ਬੋਰਡ ਦੀ ਵੈਬਸਾਈਟ ਚੈੱਕ ਕਰਦੇ ਰਹਿਣ।

ਸਹੀ/-

ਸਕੱਤਰ,

ਮਿਤੀ 01.12.2025

ਅਧੀਨ ਸੇਵਾਵਾਂ ਚੋਣ ਬੋਰਡ, ਪੰਜਾਬ